## ਪਾਠ-1
## ਕੰਪਿਊਟਰ ਨਾਲ ਜਾਣ-ਪਛਾਣ

### ਪ੍ਰਸ਼ਨ 1: ਖਾਲੀ ਥਾਵਾਂ ਭਰੋ।

I. ਕੰਪਿਊਟਰ ਇੱਕ __________ ਹੈ।
   **ੳ. ਇਲੈਕਟ੍ਰਾਨਿਕ ਮਸ਼ੀਨ**   ਅ. ਮਕੈਨੀਕਲ ਮਸ਼ੀਨ   ੲ. ਚੁੰਬਕੀ ਮਸ਼ੀਨ   ਸ. ਉਪਰੋਕਤ ਸਾਰੇ

II. ਕੰਪਿਊਟਰ__________ ਕਰ ਸਕਦਾ ਹੈ।
   ੳ. ਗਣਨਾਵਾਂ   ਅ. ਡਾਟਾ ਅਤੇ ਹਦਾਇਤਾਂ ਪ੍ਰਾਪਤ   ੲ. ਸਟੋਰ   **ਸ. ਉਪਰੋਕਤ ਸਾਰੇ**

III. ਕੰਪਿਊਟਰ ਆਪਣੇ ਕੰਮ ਬਹੁਤ _________ ਨਾਲ ਕਰਦਾ ਹੈ।
   ੳ. ਰਫ਼ਤਾਰ   ਅ. ਸ਼ੁੱਧਤਾ   ੲ. ਗੁਣਵਤਾ   **ਸ. ਉਪਰੋਕਤ ਸਾਰੇ**

IV. ਬੈਕਾਂ ਵਿਚ ਕੰਪਿਊਟਰ ਦਾ ਪ੍ਰਯੋਗ ਕਿਸ ਕੰਮ ਲਈ ਕੀਤਾ ਜਾਂਦਾ ਹੈ?
   ੳ. ਬੈਂਕ ਨੂੰ ਸੁਰੱਖਿਅਤ ਰੱਖਣ ਲਈ   **ਅ. ਖਾਤਿਆਂ ਦਾ ਰਿਕਾਰਡ ਰੱਖਣ ਲਈ**
   ੲ. ਬੈਂਕ ਨੂੰ ਸਾਫ਼ ਰੱਖਣ ਲਈ   ਸ. ਇਹਨਾਂ ਵਿੱਚੋਂ ਕੋਈ ਨਹੀਂ

V. ਕੰਪਿਊਟਰ ਦੁਆਰਾ ਕਿਸੇ ਵੀ ਕੰਮ ਨੂੰ ਕਰਨ ਲਈ ਲਗਾਏ ਗਏ ਸਮੇਂ ਨੂੰ ਇਸ ਇਕਾਈ ਨਾਲ ਮਾਪਿਆ ਜਾਂਦਾ ਹੈ?
   ੳ. ਮਿੰਟ   ਅ. ਘੰਟੇ   **ੲ. ਮੀਲੀਸੈਕਿੰਡ**   ਸ. ਦਿਨ

VI. ਸਿੱਖਿਆ ਦੇ ਖੇਤਰ ਵਿੱਚ ਕੰਪਿਊਟਰ ਦੀ ਵਰਤੋਂ ਕਿਸ ਕੰਮ ਲਈ ਕੀਤੀ ਜਾਂਦੀ ਹੈ?
   ੳ. ਨੋਟਿਸ ਬਨਾਉਣ ਲਈ   ਅ. ਨਤੀਜੇ ਤਿਆਰ ਕਰਨ ਲਈ
   ੲ. ਰਿਪੋਰਟਾਂ ਤਿਆਰ ਕਰਨ ਲਈ   **ਸ. ਉਪਰੋਕਤ ਸਾਰੇ**

VII. ਇਹਨਾਂ ਵਿੱਚੋਂ ਕਿਹੜੀ ਕੰਪਿਊਟਰ ਦੀ ਇੱਕ ਖਾਮੀ ਹੈ?
   ੳ. ਰਫ਼ਤਾਰ   ਅ. ਸ਼ੁੱਧਤਾ   **ੲ. ਕੋਈ ਸਮਝ ਨਾ ਹੋਣਾ**   ਸ. ਅਣਥੱਕ

### ਪ੍ਰਸ਼ਨ: 2 ਛੋਟੇ ਉੱਤਰਾਂ ਵਾਲੇ ਪ੍ਰਸ਼ਨ




**ਪ੍ਰ:1 ਕੰਪਿਊਟਰ ਨੂੰ ਪ੍ਰਭਾਸ਼ਿਤ ਕਰੋ।**
ਉ: ਕੰਪਿਊਟਰ ਬਿਜਲੀ ਨਾਲ ਚੱਲਣ ਵਾਲਾ ਉਹ ਉਪਰਕਣ ਹੈ ਜੋ ਯੂਜ਼ਰ ਤੋਂ ਇਨਪੁੱਟ ਦੇ ਤੌਰ ਤੇ ਡਾਟਾ ਲੈਂਦਾ ਹੈ ਅਤੇ ਹਦਾਇਤਾਂ ਦੇ ਸਮੂਹ (ਪ੍ਰੋਗਰਾਮ) ਦੀ ਮਦਦ ਨਾਲ ਇਨਪੁੱਟ ਕਿੱਤੇ ਡਾਟਾ ਨੂੰ ਪ੍ਰੋਸੈੱਸ ਕਰਦਾ ਹੈ ਅਤੇ ਨਤੀਜਾ ਆਉਟਪੁੱਟ ਦੇ ਤੌਰ ਤੇ ਦਿੰਦਾ ਹੈ।




**ਪ੍ਰ:2 ਸਿੱਖਿਆ ਦੇ ਖੇਤਰ ਵਿੱਚ ਕੰਪਿਊਟਰ ਦੇ ਪ੍ਰਯੋਗ ਦੀ ਵਿਆਖਿਆ ਕਰੋ।**
ਉ: ਸਿੱਖਿਆ ਦੇ ਖੇਤਰ ਵਿੱਚ ਕੰਪਿਊਟਰ ਦਾ ਪ੍ਰਯੋਗ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਕੀਤਾ ਜਾਂਦਾ ਹੈ। ਵਿਦਿਆਰਥੀ ਕੰਪਿਊਟਰ ਦੀ ਵਰਤੋ ਨੋਟਸ ਤਿਆਰ ਕਰਨ, ਡਰਾਇੰਗ ਕਰਨ, ਪ੍ਰੋਜੈਕਟ ਬਣਾਉਣ ਆਦਿ ਲਈ ਕਰਦੇ ਹਨ। ਅਧਿਆਪਕ ਕੰਪਿਊਟਰ ਦੀ ਵਰਤੋ ਨਤੀਜਾ ਤਿਆਰ ਕਰਨ, ਟਾਈਮ ਟੇਬਲ ਤਿਆਰ ਕਰਨ ਅਤੇ ਰਿਪੋਰਟ ਬਣਾਉਣ ਲਈ ਕਰਦੇ ਹਨ।

**ਪ੍ਰ:3 ਕਿਸੇ ਤਿੰਨ ਪੋਰਟੇਬਲ ਕੰਪਿਊਟਿੰਗ ਯੰਤਰਾਂ ਦੇ ਨਾਂ ਲਿਖੋ।**
ਉ: ਪਰੋਟੇਬਲ ਕੰਪਿਊਟਿੰਗ ਯੰਤਰਾਂ ਦੇ ਨਾਂ:
- ਮੋਬਾਇਲ (ਸਮਾਰਟ ਫੋਨ)
- ਪਾਲਮਟੋਪ ਕੰਪਿਊਟਰ
- ਟੈਬਲੇਟ ਕੰਪਿਊਟਰ
- ਲੈਪਟਾਪ ਕੰਪਿਊਟਰ


ਮੋਬਾਇਲ ਫੋਨ



ਟੈਬਲੇਟ ਕੰਪਿਊਟਰ


ਪਾਲਮਟੋਪ ਕੰਪਿਊਟਰ


ਲੈਪਟਾਪ ਕੰਪਿਊਟਰ

**ਪ੍ਰਸ਼ਨ: 3 ਵੱਡੇ ਉੱਤਰਾਂ ਵਾਲੇ ਪ੍ਰਸ਼ਨ:**

**ਪ੍ਰ:1 ਕੰਪਿਊਟਰਾਂ ਦੀਆਂ ਕੀ ਵਿਸ਼ੇਸ਼ਤਾਵਾਂ ਹਨ?**

ਉ: ਕੰਪਿਊਟਰ ਦੀਆਂ ਕੁੱਝ ਮਹੱਤਵਪੂਰਨ ਵਿਸ਼ੇਸ਼ਤਾਵਾਂ ਨਿਮਨ ਦਰਸ਼ਾਏ ਅਨੁਸਾਰ ਹਨ:

1. ਗਤੀ: ਕੰਪਿਊਟਰ ਹਰੇਕ ਕੰਮ ਨੂੰ ਬਹੁਤ ਤੇਜ਼ ਰਫਤਾਰ (ਗਤੀ) ਨਾਲ ਕਰਦਾ ਹੈ।
2. ਸ਼ੁੱਧਤਾ: ਕੰਪਿਊਟਰ ਹਰ ਤਰ੍ਹਾਂ ਦੀਆਂ ਗਣਨਾਵਾਂ 100% ਸ਼ੁੱਧਤਾ ਨਾਲ ਕਰਦਾ ਹੈ।
3. ਭਰੋਸੇਯੋਗਤਾ: ਕੰਪਿਊਟਰ ਦੁਆਰਾ ਤਿਆਰ ਕੀਤੇ ਗਏ ਨਤੀਜੇ ਗਲਤੀ ਰਹਿਤ ਅਤੇ ਭਰੋਸੇਯੋਗ ਹੁੰਦੇ ਹਨ।
4. ਅਥੱਕ: ਕੰਪਿਊਟਰ ਕੰਮ ਕਰਦੇ ਸਮੇਂ ਇਨਸਾਨ ਦੀ ਤਰ੍ਹਾਂ ਥੱਕਦਾ ਨਹੀਂ।
5. ਆਟੋਮੇਸ਼ਨ: ਕੰਪਿਊਟਰ ਦਿਤੀਆਂ ਗਈਆਂ ਹਦਾਇਤਾਂ ਅਨੁਸਾਰ ਕੰਮ ਨੂੰ ਆਪਣੇ ਆਪ ਕਰਦਾ ਰਹਿੰਦਾ ਹੈ।
6. ਸਟੋਰੇਜ਼ (ਭੰਡਾਰਨ): ਕੰਪਿਊਟਰ ਦੀ ਭੰਡਾਰਨ ਸਮਰੱਥਾ ਬਹੁਤ ਜਿਆਦਾ ਹੁੰਦੀ ਹੈ। ਇਸਦੀ ਮੈਮਰੀ ਵਿਚ ਸਟੋਰ ਡਾਟਾ ਬਹੁਤ ਲੰਬੇ ਸਮੇਂ ਤੱਕ ਸੁਰੱਖਿਅਤ ਰਹਿੰਦਾ ਹੈ।

**ਪ੍ਰ:2 ਕੰਪਿਊਟਰ ਦੇ ਕੋਈ 5 ਪ੍ਰਯੋਗ ਖੇਤਰਾਂ ਦੀ ਵਿਆਖਿਆ ਕਰੋ।**

ਉ: ਕੰਪਿਊਟਰ ਦੇ ਪ੍ਰਯੋਗ ਖੇਤਰਾਂ ਤੋਂ ਭਾਵ ਹੈ ਉਹ ਸਾਰੇ ਖੇਤਰ ਜਿੰਨਾਂ ਵਿੱਚ ਕੰਪਿਊਟਰ ਦਾ ਪ੍ਰਯੋਗ ਕੀਤਾ ਜਾਂਦਾ ਹੈ। ਕੁਝ ਖਾਸ ਪ੍ਰਯੋਗ ਖੇਤਰ ਨਿਮਨ ਅਨੁਸਾਰ ਹਨ:

1. ਸਿੱਖਿਆ: ਸਿੱਖਿਆ ਦੇ ਖੇਤਰ ਵਿੱਚ ਕੰਪਿਊਟਰ ਦਾ ਪ੍ਰਯੋਗ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਕੀਤਾ ਜਾਂਦਾ ਹੈ।
2. ਮਨੋਰੰਜਨ: ਕੰਪਿਊਟਰ ਮਨੋਰੰਜਨ ਦਾ ਇੱਕ ਵਧੀਆ ਸਾਧਨ ਹੈ। ਅਸੀਂ ਕੰਪਿਊਟਰ ਰਾਹੀਂ ਗਾਣੇ ਸੁਣ ਸਕਦੇ ਹਾਂ, ਫਿਲਮਾਂ ਦੇਖ ਸਕਦੇ ਹਾਂ ਅਤੇ ਗੇਮਾਂ ਖੇਡ ਸਕਦੇ ਹਾਂ।
3. ਖੇਡਾਂ: ਕੰਪਿਊਟਰ ਦੀ ਵਰਤੋਂ ਖਿਡਾਰੀਆਂ ਦੀ ਕਾਰਜ-ਕੁਸ਼ਲਤਾ ਵਧਾਉਣ ਲਈ ਕੀਤੀ ਜਾ ਸਕਦੀ ਹੈ।
4. ਬੈਂਕ: ਕੰਪਿਊਟਰ ਦੀ ਵਰਤੋਂ ਨਾਲ ਬੈਂਕ ਦੇ ਸਾਰੇ ਖਾਤਿਆਂ ਦਾ ਪ੍ਰਬੰਧ ਬਹੁਤ ਆਸਾਨੀ ਨਾਲ ਅਤੇ ਵਧੀਆਂ ਢੰਗ ਨਾਲ ਕੀਤਾ ਜਾ ਸਕਦਾ ਹੈ।
5. ਹਸਪਤਾਲ: ਹਸਪਤਾਲ ਵਿੱਚ ਮਰੀਜ਼ ਦਾ ਰਿਕਾਰਡ ਕੰਪਿਊਟਰ ਵਿੱਚ ਦਰਜ ਕਰਕੇ ਰੱਖਿਆ ਜਾਂਦਾ ਹੈ।

**ਪ੍ਰ:3 ਕੰਪਿਊਟਰ ਦੀਆਂ ਕੀ ਕੀ ਸੀਮਾਵਾਂ ਹਨ?**

ਉ: ਕੰਪਿਊਟਰ ਦੀਆਂ ਕੁਝ ਸੀਮਾਵਾਂ ਹੇਠਾਂ ਦਰਸ਼ਾਏ ਅਨੁਸਾਰ ਹਨ:

- ਕੰਪਿਊਟਰ ਆਪਣੇ ਆਪ ਕੋਈ ਫੈਸਲਾ ਨਹੀਂ ਲੈ ਸਕਦਾ।
- ਇੱਕ ਕੰਪਿਊਟਰ ਕਿਸੇ ਗਲਤ ਹਦਾਇਤ ਨੂੰ ਸਹੀ ਨਹੀਂ ਕਰ ਸਕਦਾ।
- ਕੰਪਿਊਟਰ ਯੂਜ਼ਰ ਦੀਆਂ ਹਦਾਇਤਾਂ ਤੋਂ ਬਿਨਾਂ ਕੋਈ ਵੀ ਕੰਮ ਨਹੀਂ ਕਰ ਸਕਦਾ।
- ਕੰਪਿਊਟਰ ਵਿੱਚ ਭਾਵਨਾਵਾਂ ਅਤੇ ਸਮਝ ਨਹੀਂ ਹੁੰਦੀ।
- ਇੱਸ ਕੋਲ ਇਨਸਾਨ ਦੀ ਤਰ੍ਹਾਂ ਗਿਆਨ ਅਤੇ ਤਜ਼ਰਬਾ ਨਹੀਂ ਹੁੰਦਾ।

**ਪ੍ਰ:4 ਪੋਰਟੇਬਲ ਕੰਪਿਊਟਿੰਗ ਯੰਤਰਾਂ ਤੋਂ ਕੀ ਭਾਵ ਹੈ? ਕਿਸੇ ਤਿੰਨ ਅਜਿਹੇ ਯੰਤਰਾਂ ਦੀ ਵਿਆਖਿਆ ਕਰੋ।**

ਉ: ਉਹ ਸਾਰੇ ਉਪਕਰਣ ਜੋ ਡਾਟਾ ਨੂੰ ਪ੍ਰੋਸੈੱਸ ਕਰਦੇ ਹਨ ਅਤੇ ਆਸਾਨੀ ਨਾਲ ਇੱਕ ਥਾਂ ਤੋਂ ਦੂਜੀ ਥਾਂ ਤੇ ਲਿਜਾਏ ਜਾ ਸਕਦੇ ਹਨ, ਨੂੰ ਪੋਰਟੇਬਲ ਕੰਪਿਊਟਿੰਗ ਯੰਤਰ ਕਿਹਾ ਜਾਂਦਾ ਹੈ। ਆਮ ਵਰਤੇ ਜਾਣ ਵਾਲੇ ਯੰਤਰ ਇਸ ਪ੍ਰਕਾਰ ਹਨ:

- ਮੋਬਾਇਲ (ਸਮਾਰਟ) ਫੋਨ: ਮੋਬਾਇਲ ਹੱਥ ਵਿੱਚ ਫੜ੍ਹ ਕੇ ਚਲਾਉਣ ਵਾਲਾ ਉਪਕਰਣ ਹੈ ਜੋ ਕਿ ਫੋਨ ਕਾਲ ਕਰਨ ਅਤੇ ਡਾਟਾ ਨੂੰ ਪ੍ਰੋਸੈੱਸ ਕਰਨ ਲਈ ਪ੍ਰਯੋਗ ਹੁੰਦਾ ਹੈ।
- ਲੈਪਟਾਪ ਕੰਪਿਊਟਰ: ਇਹ ਇੱਕ ਛੋਟਾ ਅਤੇ ਹਲਕਾ ਕੰਪਿਊਟਰ ਹੁੰਦਾ ਹੈ। ਇਸਨੂੰ ਅਸੀਂ ਆਪਣੀ ਗੋਦ ਵਿੱਚ ਰੱਖ ਕੇ ਚਲਾ ਸਕਦੇ ਹਾਂ।
- ਟੈਬਲੇਟ ਕੰਪਿਊਟਰ: ਇੱਹ ਇੱਕ ਪਤਲਾ ਅਤੇ ਪੋਰਟੇਬਲ ਕੰਪਿਊਟਰ ਹੁੰਦਾ ਹੈ। ਇਹ ਬੈਟਰੀ ਨਾਲ ਚੱਲਦਾ ਹੈ। ਇਸ ਵਿੱਚ ਟੱਚ ਸਕ੍ਰੀਨ ਲੱਗੀ ਹੁੰਦੀ ਹੈ ਜੋ ਕਿ ਇਸ ਨੂੰ ਚਲਾਉਣ ਵਿੱਚ ਮਦਦ ਕਰਦੀ ਹੈ।


ਮੋਬਾਇਲ (ਸਮਾਰਟ) ਫੋਨ


ਲੈਪਟਾਪ ਕੰਪਿਊਟਰ


ਟੈਬਲੇਟ ਕੰਪਿਊਟਰ

**ਪ੍ਰ:5 ਕੰਪਿਊਟਰ ਦੀ ਵਰਤੋਂ ਦੀ ਵਿਆਖਿਆ ਕਰੋ।**

ਉ: ਅਸੀਂ ਕੰਪਿਊਟਰ ਨੂੰ ਨਿਮਨ ਲਿਖਤ ਕੰਮਾਂ ਲਈ ਵਰਤ ਸਕਦੇ ਹਾਂ:

i. ਅਸੀਂ ਕੰਪਿਊਟਰ ਤੇ ਗਣਨਾਵਾਂ ਕਰ ਸਕਦੇ ਹਾਂ।
ii. ਅਸੀਂ ਕੰਪਿਊਟਰ ਤੇ ਖੇਡਾਂ ਖੇਡ ਸਕਦੇ ਹਾਂ।
iii. ਅਸੀਂ ਕੰਪਿਊਟਰ ਤੇ ਚਿੱਤਰ ਛਾਪ ਸਕਦੇ ਹਾਂ।
iv. ਅਸੀਂ ਕੰਪਿਊਟਰ ਤੇ ਗਾਣੇ ਸੁਣ ਸਕਦੇ ਹਾਂ ਅਤੇ ਫਿਲਮਾਂ ਦੇਖ ਸਕਦੇ ਹਾਂ।
v. ਅਸੀਂ ਕੰਪਿਊਟਰ ਦਾ ਪ੍ਰਯੋਗ ਕਿਤਾਬਾਂ ਅਤੇ ਅਖਬਾਰ ਛਾਪਣ ਲਈ ਕਰ ਸਕਦੇ ਹਾਂ।
vi. ਅਸੀਂ ਕੰਪਿਊਟਰ ਦੀ ਮਦਦ ਨਾਲ ਟ੍ਰੇਨਾਂ, ਬੱਸਾਂ ਅਤੇ ਹਵਾਈ ਜਹਾਜਾਂ ਦੀਆਂ ਟਿਕਟਾਂ ਬੁੱਕ ਕਰ ਸਕਦੇ ਹਾਂ।
vii. ਅਸੀਂ ਕਿਸੇ ਵੀ ਜਗ੍ਹਾ ਦੇ ਮੌਸਮ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।
viii. ਅਸੀਂ ਕੰਪਿਊਟਰ ਦੀ ਮਦਦ ਨਾਲ ਸਕੂਲ ਦੇ ਨਤੀਜੇ ਅਤੇ ਟਾਈਮ ਟੇਬਲ ਤਿਆਰ ਕਰ ਸਕਦੇ ਹਾਂ।